**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

---

ਵੱਲ :

ਸਮੂਹ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2017/ਐਮ.ਆਈ.ਐਸ./ਈਪੰਜਾਬਸਕੂਲ/ ੩੦੧੮੪੧੫੩
ਮਿਤੀ : ਚੰਡੀਗੜ੍ਹ 19ਅਗਸਤ, 2017

**ਵਿਸ਼ਾ : ਸਿੱਖਿਆ ਵਿਭਾਗ ਦੇ ਪੋਰਟਲ (epunjabschool.gov.in) ਤੋਂ 9ਵੀਂ ਜਮਾਤ ਦੇ ਵਿਦਿਆਰਥੀਆਂ ਦਾ ਰਿਕਾਰਡ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰਜਿਸਟ੍ਰੇਸ਼ਨ ਪੋਰਟਲ ਉੱਤੇ ਟ੍ਰਾਂਸਫਰ ਕਰਨ ਸਬੰਧੀ ।**

1.0 ਸਿੱਖਿਆ ਵਿਭਾਗ ਦੇ ਪੋਰਟਲ (epunjabschool.gov.in) ਉੱਤੇ ਸਮੂਹ ਸਕੂਲਾਂ ਵਲੋਂ ਵਿਦਿਆਰਥੀਆਂ ਦਾ ਰਿਕਾਰਡ ਅਪਲੋਡ ਕੀਤਾ ਗਿਆ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰਜਿਸਟ੍ਰੇਸ਼ਨ ਪੋਰਟਲ (www.pseb.ac.in) ਉੱਤੇ 9ਵੀਂ ਜਮਾਤ ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਲਈ ਇਨ੍ਹਾਂ ਵਿਦਿਆਰਥੀਆਂ ਦਾ ਰਿਕਾਰਡ ਮੁੜ ਤੋਂ ਬੋਰਡ ਦੇ ਪੋਰਟਲ ਉੱਤੇ ਅਪਲੋਡ ਕਰਨਾ ਪੈਂਦਾ ਹੈ।

2.0 ਸਕੂਲਾਂ ਵਲੋਂ ਦੋਵੇਂ ਪੋਰਟਲਾਂ ਉੱਤੇ ਵਿਦਿਆਰਥੀਆਂ ਦੇ ਰਿਕਾਰਡ ਨੂੰ ਅਪਲੋਡ ਕਰਨ ਨਾਲ ਸਕੂਲਾਂ ਦਾ ਸਮਾਂ ਤਾਂ ਵਿਅਰਥ ਹੁੰਦਾ ਹੀ ਹੈ ਨਾਲ ਹੀ ਦੋਵੇਂ ਪੋਰਟਲਾਂ ਦੇ ਵਿਦਿਆਰਥੀਆਂ ਦੇ ਰਿਕਾਰਡ ਵਿਚ ਵੀ ਸਮਾਨਤਾ ਨਹੀਂ ਰਹਿੰਦੀ। ਸਕੂਲਾਂ ਅਤੇ ਅਧਿਆਪਕਾਂ ਵਲੋਂ ਕੀਤੇ ਜਾ ਰਹੇ ਦੋਹਰੇ ਕੰਮ ਨੂੰ ਘੋਖਣ ਉਪਰੰਤ ਵਿਭਾਗ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ epunjabschool.gov.in ਪੋਰਟਲ ਉੱਤੇ ਪਹਿਲਾਂ ਤੋਂ ਦਰਜ ਵਿਦਿਆਰਥੀਆਂ ਦੇ ਰਿਕਾਰਡ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਰਜਿਸਟ੍ਰੇਸ਼ਨ ਦੋਰਾਨ import ਕੀਤਾ ਜਾ ਸਕੇਗਾ। ਇਸ ਕੰਮ ਨੂੰ ਸਰਲ ਕਰਨ ਲਈ ਦੋਵੇਂ ਪੋਰਟਲਾਂ ਨੂੰ ਆਪਸ ਵਿਚ ਜੋੜ ਦਿੱਤਾ ਗਿਆ ਹੈ। ਇਸ ਸਬੰਧੀ ਦਿਸ਼ਾਨਿਰਦੇਸ਼ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਟ ਉੱਤੇ ਉਪਲਬਧ ਹਨ।

3.0 ਉਪਰੋਕਤ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਨੌਵੀਂ ਜਮਾਤ ਦੀ ਰਜਿਸਟ੍ਰੇਸ਼ਨ ਦੀ ਮਿਤੀ ਵਿਚ 31-08-2017 ਤੱਕ ਦਾ ਵਾਧਾ ਕੀਤਾ ਜਾਂਦਾ ਹੈ।

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਇਸ ਕੰਮ ਦੀ ਮੋਨੀਟਰਿੰਗ ਕਰਕੇ ਸਮੇਂ ਸਿਰ ਮੁਕੰਮਲ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ :-**

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2) ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
3) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ

**ਸਕੱਤਰ ਸਕੂਲ ਸਿੱਖਿਆ, ਪੰਜਾਬ**